**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ**
**ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)**
**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ),
ਪੰਜਾਬ ।

ਮੀਮੋ ਨੰ: ਸਸਅ/ਐਮ.ਸੀ/2012/ 86904
ਮਿਤੀ,ਚੰਡੀਗੜ੍ਹ 10-10-2012

**ਵਿਸ਼ਾ:-** **ਮਾਪੇ-ਅਧਿਆਪਕ ਮਿਲਣੀ ਸਬੰਧੀ ਪਹਿਲਾਂ ਦਿੱਤੀ ਮਿਤੀ ਬਦਲਣ ਸਬੰਧੀ।**
**ਹਵਾਲਾ:-** **ਇਸ ਦਫ਼ਤਰ ਦੇ ਪੱਤਰ ਨੰ. ਸਸਅ/ਐਮ.ਸੀ/2012/84830-832, ਮਿਤੀ, ਚੰਡੀਗੜ੍ਹ 03.09.2012 ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਫੀਲਡ ਵਿੱਚੋਂ ਆ ਰਹੀ ਮੰਗ ਨੂੰ ਮੱਦੇਨਜ਼ਰ ਰੱਖਦਿਆਂ ਹੋਇਆ ਕਿ ਅਧਿਆਪਕਾਂ ਨੂੰ ਵਿਦਿਆਰਥੀਆਂ ਦੇ ਚੌਥੀ ਤੋਂ ਅੱਠਵੀਂ ਦੇ ਲਿਖਤੀ ਮੁਲਾਂਕਣ SA-1 ਅਤੇ ਨੌਵੀਂ, ਦਸਵੀਂ ਦੇ ਪਹਿਲੀ ਟਰਮ ਦੇ ਨਤੀਜੇ ਤਿਆਰ ਕਰਨ ਅਤੇ ਪੂਰਨ ਰੂਪ ਵਿੱਚ ਮੁਲਾਂਕਣ ਰਿਕਾਰਡ ਦਰਜ ਕਰਨ ਵਿੱਚ ਘੱਟ ਸਮਾਂ ਮਿਲਿਆ ਹੈ, ਇਸ ਲਈ ਉਕਤ ਹਵਾਲਾ ਅਧੀਨ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ ਦੀ ਪਹਿਲਾਂ ਦਿੱਤੀ ਸਮਾਂ ਸਾਰਣੀ ਦੇ ਵਿੱਚ ਤਬਦੀਲੀ ਕਰਦੇ ਹੋਏ ਇਹ ਮਾਪੇ-ਅਧਿਆਪਕ ਮਿਲਣੀ ਮਿਤੀ: 17-10-2012 ਨੂੰ ਸਵੇਰੇ 9.00 ਵਜੇ ਤੋਂ 2.00 ਵਜੇ ਤੱਕ ਕਰਵਾਉਣ ਦੇ ਆਦੇਸ਼ ਦਿੱਤੇ ਜਾਂਦੇ ਹਨ।

3.0 ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਮਾਪੇ-ਅਧਿਆਪਕ ਮਿਲਣੀ ਨੂੰ ਸੁਚਾਰੂ ਰੂਪ ਵਿੱਚ ਸਫਲ ਬਨਾਉਣ ਲਈ ਸਮੂਹ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਨਤੀਜਿਆਂ ਦੇ ਰਿਕਾਰਡ ਪੂਰਨ ਰੂਪ ਵਿੱਚ ਮਿਤੀ: 15-10-2012 ਤੱਕ ਮੁਕੰਮਲ ਕਰਵਾ ਲਿਆ ਜਾਵੇ।

4.0 ਮਿਤੀ: 17-10-2012 ਨੂੰ ਕਰਵਾਈ ਜਾਣ ਵਾਲੀ ਮਾਪੇ-ਅਧਿਆਪਕ ਮਿਲਣੀ ਵਿੱਚ ਮਾਪਿਆਂ ਦਾ ਸਕੂਲ ਵਿੱਚ ਆ ਕੇ ਅਧਿਆਪਕ ਨਾਲ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਨੂੰ ਸਾਂਝਾ ਕਰਨ ਲਈ ਮਾਪਿਆਂ ਅਤੇ ਸਬੰਧਤ ਸਕੂਲ ਮੈਨੇਜਮੈਂਟ ਕਮੇਟੀ ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇ।

5.0 ਮਾਪੇ ਅਧਿਆਪਕ ਮਿਲਣੀ ਵਾਲੇ ਦਿਨ ਸਕੂਲ ਵਿੱਚ ਮਾਪਿਆਂ ਅਤੇ SMC (ਸਕੂਲ ਮੈਨੇਜਮੈਂਟ ਕਮੇਟੀਆਂ) ਦੇ ਮੈਂਬਰਾਂ ਦੇ ਬੈਠਨ ਲਈ ਅਤੇ ਪੀਣ ਵਾਲੇ ਪਾਣੀ ਦਾ ਉਚਿਤ ਪ੍ਰਬੰਧ ਕੀਤਾ ਜਾਵੇ।

6.0 ਸਮੂਹ ਸਕੂਲ ਮੁੱਖੀ, ਜਮਾਤ ਇੰਚਾਰਜ ਅਤੇ ਵਿਸ਼ਾ ਅਧਿਆਪਕ ਇਸ ਮਾਪੇ-ਅਧਿਆਪਕ ਮਿਲਣੀ ਨੂੰ ਸਫਲ ਬਨਾਉਣ ਲਈ ਵਿਸ਼ੇਸ਼ ਧਿਆਨ ਦੇਣ ਤਾਂ ਜੋ ਸਕੂਲ ਵਿੱਚ ਆਉਣ ਵਾਲੇ ਹਰ ਮਾਪੇ ਆਪਣੇ ਬੱਚੇ ਦੇ ਸਕੂਲ ਵਿੱਚ ਆਉਣ ਤੇ ਮਾਣ ਮਹਿਸੂਸ ਕਰਨ।

7.0 ਹੁਕਮਾਂ ਦੀ ਇੰਨ ਬਿਨ ਪਾਲਣਾ ਕੀਤੀ ਜਾਵੇ।

10/10/12

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ